# 13ਵਾਂ ਭਾਈ ਚਾਨਣ ਸਿੰਘ ਮੈਮੋਰੀਅਲ ਲੈਕਚਰ
# 'ਸਿੱਖਇਜ਼ਮ ਐਜ਼ ਏ ਗਲੋਬਲ ਰਿਲੀਜਨ' ਵਿਸ਼ੇ ਤੇ ਲੈਕਚਰ




ਪ੍ਰੋ.ਮਾਰਕ ਜਰਗਨਜ਼ਮੇਅਰ ਸਰੋਤਿਆਂ ਨੂੰ ਮੁਖਾਤਿਬ ਹੁੰਦੇ ਹੋਏ। ਸੁਸ਼ੋਭਿਤ ਹਨ ਡਾ.ਮਹਿੰਦਰ ਸਿੰਘ, ਡਾ.ਜਸਵੰਤ ਸਿੰਘ ਨੇਕੀ, ਸ.ਨਵਤੇਜ ਸਿੰਘ ਸਰਨਾ ਆਈ.ਐਫ.ਐਸ., ਪ੍ਰੋ.ਜੈਰੂਪ ਸਿੰਘ ਅਤੇ ਡਾ.ਰਘਬੀਰ ਸਿੰਘ।

ਨਵੀਂ ਦਿੱਲੀ 28 ਨਵੰਬਰ 2013: 13ਵੇਂ ਭਾਈ ਚਾਨਣ ਸਿੰਘ ਯਾਦਗਾਰੀ ਲੈਕਚਰ ਤਹਿਤ ਯੂਨੀਵਰਸੀਟੀ ਆਫ਼ ਕੈਲੀਫੋਰਨੀਆ ਸਾਂਤਾਬਾਰਬਰਾ'ਚ ਸੈਂਟਰ ਫਾਰ ਗਲੋਬਲ ਐਂਡ ਇੰਟਰਨੈਸ਼ਨਲ ਸਟਡੀਜ਼ ਦੇ ਡਾਇਰੈਕਟਰ ਪ੍ਰੋ.ਮਾਰਕ ਜਰਗਨਜ਼ਮੇਅਰ ਨੇ 'ਸਿੱਖਇਜ਼ਮ ਐਜ਼ ਏ ਗਲੋਬਲ ਰਿਲੀਜਨ' ਵਿਸ਼ੇ ਤੇ ਬੋਲਦਿਆਂ ਸਿੱਖ ਧਰਮ ਦੇ ਗਲੋਬਲ ਸਰੋਕਾਰਾਂ ਦੀ ਗਲ ਵਿਸ਼ਵ ਪਰੀਪੇਖ਼'ਚ ਕੀਤੀ। ਆਪਣੇ ਲੈਕਚਰ ਨੂੰ ਵਿਹਾਰਕ ਪੁਟ ਦਿੰਦਿਆਂ ਉਨ੍ਹਾਂ ਸਿੱਖ ਧਰਮ ਤੇ ਸਭਿਆਚਾਰ ਦੀਆਂ ਬੁਨਿਆਦੀ ਧਾਰਨਾਵਾਂ ਨੂੰ ਵੱਖੋ-ਵੱਖ ਸਭਿਆਚਾਰਾਂ ਦਰਮਿਆਨ ਸੰਵਾਦ ਦੇ ਨੁਕਤੇ ਤੋਂ ਨਾ ਕੇਵਲ ਘੋਖਣ ਦਾ ਯਤਨ ਕੀਤਾ ਸਗੋਂ ਵਿਦਵਾਨ ਸਰੋਤਿਆਂ ਵਲੋਂ ਪੁਛੇ ਗਏ ਸਵਾਲਾਂ ਦੇ ਉੱਤਰ ਵੀ ਸਿੱਖ ਪਰੀਪੇਖ ਅਤੇ ਆਧੁਨਿਕ ਪ੍ਰਸੰਗ ਦੇ ਸਮੇਲਵੇਂ ਲਹਿਜ਼ੇ'ਚ ਦਿੱਤੇ। ਪ੍ਰੋ.ਜਰਗਨਜ਼ਮੇਅਰ ਨੇ ਵਿਸ਼ਵ ਦੇ ਆਧੁਨਿਕ ਪ੍ਰਸੰਗ'ਚ ਸਿੱਖ ਧਰਮ ਦੀ ਹੋਂਦ ਦਾ ਵਿਹਾਰਕ ਵਿਸ਼ਲੇਸ਼ਨ ਕਰਦਿਆਂ ਮੌਜੂਦਾ ਸਮਸਿਆਵਾਂ ਤੇ ਵੀ ਨਜ਼ਰਸਾਨੀ ਕੀਤੀ। ਮੁਖ ਵਕਤਾ ਦੇ ਲੈਕਚਰ ਤੋਂ ਬਾਅਦ ਸ.ਨਵਤੇਜ ਸਿੰਘ ਸਰਨਾ ਆਈ.ਐਫ.ਐਸ. ਨੇ ਗਲੋਬਲ ਪ੍ਰਸੰਗ'ਚ ਹੀ ਸਿੱਖ ਪਛਾਣ ਤੇ ਸਿੱਖ ਸਭਿਆਚਾਰ ਦੀ ਗਲ ਨਵੇਕਲੇ ਅੰਦਾਜ਼'ਚ ਕੀਤੀ। ਸੈਂਟਰਲ ਯੂਨੀਵਰਸਿਟੀ ਆਫ ਪੰਜਾਬ ਬਠਿੰਡਾ ਦੇ ਵਾਈਸ-ਚਾਂਸਲਰ ਪ੍ਰੋ.ਜੈਰੂਪ ਸਿੰਘ ਨੇ ਸਿੱਖੀ ਨੂੰ ਪਰੰਪਰਕ ਤੇ ਆਧੁਨਿਕ ਪ੍ਰਸੰਗ'ਚ ਪੇਸ਼ ਕਰਦਿਆਂ ਸਿੱਖ ਧਰਮ ਬਾਰੇ ਆਪਣੇ ਨਿਜੀ ਵਿਚਾਰ ਰਖੇ। ਪ੍ਰੋਗਰਾਮ ਦੇ ਅਖੀਰ'ਚ ਉਘੇ ਸਿੱਖ ਚਿੰਤਕ ਡਾ.ਜਸਵੰਤ ਸਿੰਘ ਨੇਕੀ ਨੇ ਸਿੱਖ ਧਰਮ ਦੀ ਗਲ ਗੁਰੂ ਨਾਨਕ ਤੋਂ ਸ਼ੁਰੂ ਕਰਦਿਆਂ ਉਨ੍ਹਾਂ ਦੀ ਉਸ ਪਹੁੰਚ ਵਿਧੀ ਦਾ ਉਲੇਖ ਕੀਤਾ ਜਿਥੋਂ ਕਿ ਸਿੱਖ ਧਰਮ ਦਾ ਤਤਕਾਲ'ਚ ਹੀ ਗਲੋਬਲ ਨਜ਼ਰੀਆ ਉਘੜ ਆਉਂਦਾ ਹੈ। ਪ੍ਰੋਗਰਾਮ ਦਾ ਆਰੰਭ ਕਰਦਿਆਂ ਭਾਈ ਵੀਰ ਸਿੰਘ ਸਾਹਿਤ ਸਦਨ ਦੇ ਆਨਰੇਰੀ ਡਾਇਰੈਕਟਰ ਡਾ.ਮਹਿੰਦਰ ਸਿੰਘ ਨੇ ਵਿਸ਼ੇ-ਵਿਸ਼ੇਸ਼ ਨੂੰ ਸੰਖੇਪਦਿਆਂ ਪੁਜੀਆਂ ਸ਼ਖਸ਼ੀਅਤਾਂ ਨੂੰ ਜੀਓ-ਆਇਆਂ ਕਿਹਾ। ਸਦਨ ਦੇ ਜਨਰਲ ਸਕੱਤਰ ਡਾ.ਰਘਬੀਰ ਸਿੰਘ ਨੇ ਪ੍ਰੋਗਰਾਮ ਦੇ ਅਖੀਰ'ਚ ਪ੍ਰੋ.ਮਾਰਕ ਜਰਗਨਜ਼ਮੇਅਰ ਸਹਿਤ ਪੁੱਜੀਆਂ ਵਿਸ਼ੇਸ਼ ਸ਼ਖਸ਼ੀਅਤਾਂ ਅਤੇ ਵਿਦਵਾਨ ਸਰੋਤਿਆਂ ਦਾ ਹਾਰਦਿਕ ਧਨਵਾਦ ਕੀਤਾ। ਕਰਨਾਟਕਾ ਦੇ ਸਾਬਕਾ ਰਾਜਪਾਲ ਟੀ.ਐਨ. ਚਤੁਰਵੇਦੀ, ਪ੍ਰੋ.ਇੰਦੂ ਬਾਂਗਾ, ਪ੍ਰੋ.ਹਰੀਸ਼ ਪੁਰੀ, ਉਘੇ ਪੱਤਰਕਾਰ ਕੁਲਦੀਪ ਨਈਅਰ, ਅਮਬੈਸਡਰ ਬਾਲ ਆਨੰਦ, ਪ੍ਰੋ.ਇੰਦਰਪਾਲ ਸਿੰਘ, ਡਾ.ਰਵਿੰਦਰ ਕੌਰ, ਸ.ਐਚ.ਐਸ ਨਾਗ ਸਮੇਤ ਕਈ ਪ੍ਰਮੁਖ ਸ਼ਖਸ਼ੀਅਤਾਂ ਨੇ ਇਸ ਪ੍ਰੋਗਰਾਮ ਵਿਚ ਹਾਜ਼ਰੀ ਭਰੀ।